## ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 26-04-2016 ਨੂੰ ਸਵੇਰੇ 10.30 ਵਜੇ ਸਿੰਡੀਕੇਟ ਰੂਮ, ਗੁਰੂ ਤੇਗ ਬਹਾਦਰ ਹਾਲ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ :

### ਹਾਜ਼ਰ ਮੈਂਬਰ

1. ਡਾ. ਜਸਪਾਲ ਸਿੰਘ (ਚੇਅਰਮੈਨ)
   ਵਾਈਸ-ਚਾਂਸਲਰ
2. ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਕੂਪਰ
3. ਪ੍ਰੋਫ਼ੈਸਰ ਐਸ.ਐਸ. ਢਿੱਲੋਂ,
   ਰਜਿਸਟਰਾਰ,
   ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
4. ਪ੍ਰੋਫ਼ੈਸਰ ਏ.ਐਸ. ਚਾਵਲਾ,
   ਡੀਨ, ਅਕਾਦਮਿਕ ਮਾਮਲੇ ਅਤੇ
   ਡੀਨ, ਫ਼ੈਕਲਟੀ ਆਫ਼ ਇੰਜੀਨੀਅਰਿੰਗ ਐਡ ਟੈਕਨਾਲੋਜੀ
5. ਪ੍ਰੋਫ਼ੈਸਰ ਧਨਵੰਤ ਕੌਰ,
   ਡੀਨ, ਫ਼ੈਕਲਟੀ ਆਫ਼ ਲੈਂਗੂਏਜ਼ਿਜ
6. ਪ੍ਰੋਫ਼ੈਸਰ ਹਰਜਿੰਦਰਪਾਲ ਸਿੰਘ ਵਾਲੀਆ,
   ਡੀਨ, ਫ਼ੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ
7. ਪ੍ਰੋਫ਼ੈਸਰ ਇੰਦਰਜੀਤ ਸਿੰਘ,
   ਡੀਨ, ਫ਼ੈਕਲਟੀ ਆਫ਼ ਸੋਸ਼ਲ ਸਾਇੰਸਿਜ਼
8. ਪ੍ਰੋਫ਼ੈਸਰ ਓ.ਪੀ. ਜਸੂਜਾ,
   ਡੀਨ, ਫ਼ੈਕਲਟੀ ਆਫ਼ ਫਿਜ਼ੀਕਲ ਸਾਇੰਸਿਜ਼
9. ਪ੍ਰੋਫ਼ੈਸਰ ਭਵਦੀਪ ਸਿੰਘ ਤਾਂਘੀ,
   ਡੀਨ, ਫ਼ੈਕਲਟੀ ਆਫ਼ ਬਿਜਨਸ ਸਟੱਡੀਜ਼
10. ਪ੍ਰੋਫ਼ੈਸਰ ਮਨਜੀਤ ਸਿੰਘ ਨਿੱਜ਼ਰ,
    ਡੀਨ, ਫ਼ੈਕਲਟੀ ਆਫ਼ ਲਾਅ
11. ਪ੍ਰੋਫ਼ੈਸਰ ਨਰਕੀਸ਼ ਅਰੂਮੁਗਮ,
    ਡੀਨ, ਫ਼ੈਕਲਟੀ ਆਫ਼ ਮੈਡੀਸਨ
12. ਪ੍ਰੋਫ਼ੈਸਰ ਰਾਕੇਸ਼ ਮੋਹਨ ਸ਼ਰਮਾ,
    ਐਡੀਸ਼ਨਲ ਡੀਨ, ਰਿਸਰਚ
13. ਡਾ. ਬਲਜੀਤ ਸਿੰਘ ਸਿੱਧੂ,
    ਵਿੱਤ ਅਫ਼ਸਰ
14. ਡਾ. ਬਲਵਿੰਦਰ ਸਿੰਘ ਟਿਵਾਣਾ,
    ਡਾਇਰੈਕਟਰ, ਯੋਜਨਾ ਤੇ ਨਿਰੀਖਣ

ਸ੍ਰੀ ਤਰਲੋਚਨ ਸਿੰਘ, ਪ੍ਰੋਫ਼ੈਸਰ ਰੌਣਕੀ ਰਾਮ, ਪ੍ਰੋਫ਼ੈਸਰ ਦਵਿੰਦਰ ਸਿੰਘ, ਰਜਿਸਟਰਾਰ/ਡੀਨ, ਫ਼ੈਕਲਟੀ ਆਫ਼ ਲਾਈਫ਼ ਸਾਇੰਸਿਜ਼, ਪ੍ਰੋਫ਼ੈਸਰ ਨਿਵੇਦਿਤਾ ਉੱਪਲ, ਡੀਨ, ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਤੇ ਪ੍ਰੋਫ਼ੈਸਰ ਕੁਲਬੀਰ ਸਿੰਘ ਢਿੱਲੋਂ, ਡੀਨ, ਕਾਲਜ ਵਿਕਾਸ ਕੌਂਸਲ ਕੁਝ ਪ੍ਰਸ਼ਾਸਕੀ ਰੁਝੇਵਿਆਂ ਕਾਰਨ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋ ਸਕੇ।

ਇਕੱਤਰਤਾ ਦੇ ਆਰੰਭ ਵਿੱਚ ਵਾਈਸ-ਚਾਂਸਲਰ ਸਾਹਿਬ ਨੇ ਪਿਛਲੇ ਸਾਲ ਦੌਰਾਨ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਬਾਰੇ ਮੈਂਬਰ ਸਾਹਿਬਾਨ ਨੂੰ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਦੱਸਿਆ ਕਿ ਯੂਨੀਵਰਸਿਟੀ ਨੂੰ ਪਿਛਲੇ ਸਾਲ ਦੌਰਾਨ ਯੂ.ਜੀ.ਸੀ. ਅਤੇ ਹੋਰ ਫੰਡਿੰਗ ਏਜੰਸੀਆਂ ਵੱਲੋਂ ਲਗਭਗ 25 ਨਵੇਂ ਰਿਸਰਚ ਪ੍ਰੋਜੈਕਟ ਅਲਾਟ ਕੀਤੇ ਗਏ ਸਨ ਅਤੇ ਇਸ ਸਮੇਂ ਚਲ ਰਹੇ ਰਿਸਰਚ ਪ੍ਰੋਜੈਕਟਾਂ ਦੀ ਕੁਲ ਗਿਣਤੀ 125 ਹੋ ਗਈ ਹੈ। ਇਸ ਤੋਂ ਇਲਾਵਾ ਯੂ.ਜੀ.ਸੀ. ਅਤੇ ਹੋਰ ਫੰਡਿੰਗ ਏਜੰਸੀਆਂ ਪਾਸੋਂ ਯੂਨੀਵਰਸਿਟੀ ਨੂੰ ਰਿਸਰਚ ਕਾਰਜ ਅਤੇ ਹੋਰ ਸਕੀਮਾਂ ਵਾਸਤੇ ਵਿੱਤੀ ਸਾਲ 2015-16 ਦੌਰਾਨ ਲਗਭਗ 19 ਕਰੋੜ ਰੁਪਏ ਦੀ ਗਰਾਂਟ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਯੂ.ਜੀ.ਸੀ. ਦੀ ਸੈਪ ਸਕੀਮ ਅਧੀਨ 11 ਵਿਭਾਗਾਂ ਨੂੰ ਵਿੱਤੀ ਸਹਾਇਤਾ ਪ੍ਰਾਪਤ ਹੋ ਰਹੀਂ ਹੈ।

ਇਸ ਉਪਰੰਤ ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 29-04-2015 ਨੂੰ ਯੋਜਨਾ ਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਮੱਦ ਨੰ: 1** ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਿਜ਼ ਵਿਖੇ ਅਕਾਦਮਿਕ ਸੈਸ਼ਨ 2016-17 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 10-03-2016 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ (ਅੰਤਿਕਾ-I) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਤ ਨਿਮਨ-ਲਿਖਿਤ ਵੱਖ-ਵੱਖ ਵਿਭਾਗਾਂ ਵਿਖੇ ਸ਼ੁਰੂ ਕੀਤੇ ਜਾਣ ਵਾਲੇ ਕੋਰਸਾਂ ਸੰਬੰਧੀ ਨੋਟ ਨੂੰ ਸੋਧ ਉਪਰੰਤ ਪ੍ਰਵਾਨ ਕਰ ਲਿਆ ਗਿਆ:

**ਨੋਟ :**

1. ਫੋਰੈਂਸਿਕ ਸਾਇੰਸ ਵਿਭਾਗ ਵਿਖੇ One Year PG Diploma in Forensic Odontology ਕੋਰਸ ਸ਼ੁਰੂ ਕੀਤਾ ਜਾਵੇ। ਇਸ ਕੋਰਸ ਦੀ ਫੀਸ Ist Semester Rs. 15960/-, IInd Semester Rs. 9605/- ਰਖ ਲਈ ਜਾਵੇ। ਇਹ ਕੋਰਸ self financing evening course ਹੈ (ਅੰਤਿਕਾ-II)।

2. ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ, ਤਲਵੰਡੀ ਸਾਬੋ ਵਿਖੇ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਸੈਕਸ਼ਨ ਵਿਚ ਤਿੰਨ ਸਰਟੀਫਿਕੇਟ ਕੋਰਸ ਸ਼ੁਰੂ ਕੀਤੇ ਜਾਣ। ਇਨ੍ਹਾਂ ਕੋਰਸਾਂ ਦੀ ਫੀਸ Rs. 15,000/- ਪ੍ਰਤੀ ਕੋਰਸ ਰਖ ਲਈ ਜਾਵੇ (ਅੰਤਿਕਾ-III)।

3. ਸਰੀਰਕ ਸਿੱਖਿਆ ਵਿਭਾਗ ਵਿਖੇ 6 ਮਹੀਨੇ ਦਾ ਐਡ ਆਨ Self Defence for Women ਕੋਰਸ ਸ਼ੁਰੂ ਕੀਤਾ ਜਾਵੇ। ਇਸ ਕੋਰਸ ਦੀ ਫੀਸ Rs. 5000/- ਰਖ ਲਈ ਜਾਵੇ (ਅੰਤਿਕਾ-IV)।

4. ਕੰਪਿਊਟਰ ਸਾਇੰਸ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2016-17 ਤੋਂ MCA ਕੋਰਸ ਦੇ ਪ੍ਰਤੀ ਸੈਕਸ਼ਨ ਵਿਚ 60 ਸੀਟਾਂ ਤੋਂ ਵਧਾ ਕੇ 70 ਸੀਟਾਂ ਕਰ ਦਿੱਤੀਆਂ ਜਾਣ। ਇਸ ਤੋਂ ਇਲਾਵਾ ਅਕਾਦਮਿਕ ਸੈਸ਼ਨ 2017-18 ਤੋਂ ਕੰਪਿਊਟਰ ਸਾਇੰਸ ਵਿਭਾਗ ਨੂੰ MCA Course (Five Year Integrated) ਸ਼ੁਰੂ ਕਰਨ ਲਈ ਪ੍ਰਪੋਜ਼ਲ ਤਿਆਰ ਕਰਕੇ ਭੇਜਣ ਲਈ ਕਿਹਾ ਜਾਵੇ।

**ਮੱਦ ਨੰ: 2** ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਵਿਖੇ ਸੈਸ਼ਨ 2016-17 ਤੋਂ ਬੀ.ਏ. (ਤਿੰਨ ਸਾਲਾਂ) ਅਤੇ ਐਮ.ਏ. ਗੁਰਮਤਿ ਸੰਗੀਤ (ਦੋ ਸਾਲਾਂ) ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 23 ਨਵੰਬਰ, 2015 ਪੈਰ੍ਹਾ ਨੰ: 9.31 ਰਾਹੀਂ ਦਿੱਤੀ ਗਈ ਪ੍ਰਵਾਨਗੀ ਨੂੰ ਨੋਟ ਕਰ ਲਿਆ ਗਿਆ (ਅੰਤਿਕਾ-V)

**ਨੋਟ:-**

ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਵੱਲੋਂ ਬੀ.ਏ. (ਭਾਗ ਪਹਿਲਾ, ਦੂਜਾ, ਤੀਜਾ ਗੁਰਮਤਿ ਸੰਗੀਤ ਵਿਸ਼ੇ ਸਹਿਤ) ਸੈਸ਼ਨ 2016-17 ਤੋਂ ਅਤੇ ਐਮ.ਏ. ਗੁਰਮਤਿ ਸੰਗੀਤ (ਦੋ ਸਾਲਾ) ਸੈਸ਼ਨ 2016-17 ਤੋਂ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਗਈ, ਜਿਸ ਨੂੰ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 23 ਨਵੰਬਰ, 2015 ਪੈਰ੍ਹਾ ਨੰ: 9.31 ਰਾਹੀਂ ਪ੍ਰਵਾਨ ਕਰ ਲਿਆ ਗਿਆ।

ਇਹ ਸਪਸ਼ਟ ਹੈ ਕਿ ਸਾਲ 2016-17 ਤੋਂ ਬੀ.ਏ. ਭਾਗ ਪਹਿਲਾ ਅਤੇ ਐਮ.ਏ. ਭਾਗ ਪਹਿਲਾ ਸ਼ੁਰੂ ਕੀਤਾ ਜਾਵੇਗਾ।

**ਮੱਦ ਨੰ: 3** ਯੂਨੀਵਰਸਿਟੀ ਵਿਖੇ "Students Counseling Centre" ਸਥਾਪਤ ਕਰਨ ਸਬੰਧੀ ਮਾਮਲੇ ਨੂੰ ਵਿਚਾਰਨ ਹਿੱਤ ਗਠਿਤ ਕਮੇਟੀ ਵੱਲੋਂ ਮਿਤੀ 23-02-2016 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ (ਅੰਤਿਕਾ-VI) ਦੀ ਲੋਅ ਵਿੱਚ ਵਿਚਾਰ ਕਰਨ ਉਪਰੰਤ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ :

ਨੋਟ:

1. ਸਕੱਤਰ, ਯੂ.ਜੀ.ਸੀ. ਦਫਤਰ, ਨਵੀਂ ਦਿੱਲੀ ਨੇ ਡੀ.ੳ. ਨੰ: F.1-11/2014(CPP-II) ਮਿਤੀ 27-01-2016 ਰਾਹੀਂ ਯੂਨੀਵਰਸਿਟੀ ਵਿਖੇ "Students Counseling Centre" ਸਥਾਪਤ ਕਰਨ ਸਬੰਧੀ ਲਿਖਿਆ ਗਿਆ ਹੈ (ਅੰਤਿਕਾ-VII)।

2. ਕਮੇਟੀ ਵੱਲੋਂ ਮਿਤੀ 23-02-2016 ਨੂੰ ਹੋਈ ਇਕੱਤਰਤਾ ਵਿੱਚ ਯੂ.ਜੀ.ਸੀ. ਵੱਲੋਂ ਪ੍ਰਾਪਤ ਪੱਤਰ ਨੂੰ ਵਿਚਾਰਿਆ ਅਤੇ ਸਿਫਾਰਸ਼ ਕੀਤੀ ਕਿ ਯੂਨੀਵਰਸਿਟੀ ਵਿਖੇ "Students Counseling Centre" ਸਥਾਪਤ ਕਰ ਲੈਣਾ ਚਾਹੀਦਾ ਹੈ। ਇਹ ਸੈਂਟਰ Dean Students Welfare ਦੇ ਦਫਤਰ ਵਿਖੇ ਸਥਾਪਤ ਕਰ ਲੈਣਾ ਚਾਹੀਦਾ ਹੈ। ਡਾ. ਰੂਬੀ ਗੁਪਤਾ, ਮਨੋਵਿਗਿਆਨ ਵਿਭਾਗ, ਸੀਨੀਅਰ ਟੈਕਨੀਕਲ ਅਸਿਸਟੈਂਟ ਦੀ ਇਸ ਸੈਂਟਰ ਦੇ Counsellor ਵਜੋਂ ਡਿਊਟੀ ਲਗਾਈ ਜਾਵੇ। ਇਸ ਸੈਂਟਰ ਦੇ working hours ਟੀਚਿੰਗ ਦਿਨਾਂ ਦੌਰਾਨ ਸੇਵਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੱਕ ਹੋਣਗੇ।

3. ਵਾਈਸ-ਚਾਂਸਲਰ ਸਾਹਿਬ ਵੱਲੋਂ ਕਮੇਟੀ ਰਾਹੀਂ ਕੀਤੀਆਂ ਉਕਤ ਸਿਫਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਗਿਆ।

**ਮੱਦ ਨੰ: 4** ਅੰਗਰੇਜ਼ੀ ਵਿਭਾਗ ਵਿਖੇ ਸੈਸ਼ਨ 2015-16 ਦੀਆਂ ਐਮ.ਫਿਲ. (ਅੰਗਰੇਜ਼ੀ) ਕੋਰਸ ਦੀਆਂ ਸੀਟਾਂ 16 ਤੋਂ ਘਟਾ ਕੇ 12 ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-VIII) ਦੀ ਲੋਅ ਵਿੱਚ ਵਿਚਾਰ ਕਰਨ ਸੋਧ ਉਪਰੰਤ ਪ੍ਰਵਾਨ ਕਰ ਲਿਆ ਗਿਆ :

ਨੋਟ :

ਮੁਖੀ, ਅੰਗਰੇਜ਼ੀ ਵਿਭਾਗ ਨੇ ਸੈਸ਼ਨ 2015-16 ਤੋਂ ਐਮ.ਫਿਲ. (ਅੰਗਰੇਜ਼ੀ) ਕੋਰਸ ਦੀਆਂ ਸੀਟਾਂ 16 ਤੋਂ ਘਟਾ ਕੇ 08 ਕਰਨ ਸਬੰਧੀ ਡੀਨ ਅਕਾਦਮਿਕ ਮਾਮਲੇ ਨੂੰ ਬੇਨਤੀ ਕੀਤੀ ਸੀ। ਇਸ ਸਬੰਧ ਵਿੱਚ ਡਾਇਰੈਕਟਰ, ਯੋਜਨਾ ਤੇ ਨਿਰੀਖਣ ਦੀ ਮੁਖੀ, ਅੰਗਰੇਜ਼ੀ ਵਿਭਾਗ ਨਾਲ ਫੋਨ ਤੇ ਗਲ ਹੋਈ, ਜਿਸ ਦੀ ਲੋਅ ਵਿੱਚ ਵਾਈਸ-ਚਾਂਸਲਰ ਸਾਹਿਬ ਨੇ ਅੰਗਰੇਜ਼ੀ ਵਿਭਾਗ ਵਿਖੇ ਸੈਸ਼ਨ 2015-16 ਤੋਂ ਐਮ.ਫਿਲ. (ਅੰਗਰੇਜ਼ੀ) ਕੋਰਸ ਦੀਆਂ ਸੀਟਾਂ 16 ਤੋਂ ਘਟਾ ਕੇ 12 ਕਰਨ ਸਬੰਧੀ ਪ੍ਰਵਾਨਗੀ ਦਿੱਤੀ ਹੈ।

ਪ੍ਰੋਫੈਸਰ ਧਨਵੰਤ ਕੌਰ, ਡੀਨ, ਫੈਕਲਟੀ ਆਫ਼ ਲੈਂਗੂਏਜਿਜ਼ ਨੇ ਬੋਰਡ ਨੂੰ ਜਾਣਕਾਰੀ ਦਿੱਤੀ ਕਿ ਅੰਗ੍ਰੇਜ਼ੀ ਵਿਭਾਗ ਵਿਚ ਹੁਣ ਫੈਕਲਟੀ ਪੂਰੀ ਹੈ ਇਸ ਲਈ ਅਕਾਦਮਿਕ ਸਾਲ 2016-17 ਤੋਂ ਐਮ.ਫਿਲ. (ਅੰਗਰੇਜ਼ੀ) ਕੋਰਸ ਦੀਆਂ ਸੀਟਾਂ ਮੁੜ 12 ਤੋਂ ਵਧਾ ਕੇ 16 ਕਰ ਦਿੱਤੀਆਂ ਜਾਣ। ਇਸ ਸੰਬੰਧ ਵਿਚ ਬੋਰਡ ਵੱਲੋਂ ਇਸ ਕੋਰਸ ਦੀਆਂ ਸੀਟਾਂ 12 ਤੋਂ ਵਧਾ ਕੇ 16 ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 5** ਕੰਪਿਊਟਰ ਸਾਇੰਸ ਵਿਭਾਗ ਨੂੰ "Faculty of Physical Sciences" ਵਿਚੋਂ ਤਬਦੀਲ ਕਰਕੇ ਇਕ ਨਵੀਂ "Faculty of Computing Sciences" ਬਣਾ ਕੇ ਉਸ ਵਿਚ ਸ਼ਾਮਲ ਕਰਨ ਸਬੰਧੀ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25 ਨਵੰਬਰ, 2015 ਪੈਰ੍ਹਾ ਨੰ: 3 ਰਾਹੀਂ ਦਿੱਤੀ ਗਈ ਪ੍ਰਵਾਨਗੀ ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ (ਅੰਤਿਕਾ-IX):

ਨੋਟ :

1. ਫਿਜਿਓਥਰੈਪੀ ਵਿਭਾਗ ਦੇ ਪੱਤਰ ਨੰਬਰ PT.2015/1735-36 ਮਿਤੀ 09-04-2015 ਮੁਤਾਬਿਕ ਵਿਭਾਗੀ ACD ਦੀ ਇਕੱਤਰਤਾ ਮਿਤੀ 17-03-2015 ਵਿੱਚ ਲਏ ਫੈਸਲੇ ਅਨੁਸਾਰ B.P.T. ਅਤੇ M.P.T. ਦੇ ਦਾਖ਼ਲਿਆਂ ਲਈ ਸੈਸ਼ਨ 2015-16 ਤੋਂ admission criteria ਵਿਚ ਸੋਧ ਕੀਤੀ ਗਈ (ਅੰਤਿਕਾ-XIII)।
2. ਡੀਨ, ਵਿਦਿਆਰਥੀ ਭਲਾਈ ਦਫ਼ਤਰ ਦੇ ਪੱਤਰ ਨੰਬਰ 152/DSW ਮਿਤੀ 30-03-2015 ਅਨੁਸਾਰ ਜਨਰਲ ਸੂਚਨਾ ਪੁਸਤਕ ਦੇ ਪੰਨਾ 55-56 ਤੇ ਦਰਜ ਹੋਸਟਲਾਂ ਨਾਲ ਸਬੰਧਤ ਸੂਚਨਾ ਵਿਚ ਸੋਧ ਕੀਤੀ ਗਈ (ਅੰਤਿਕਾ-XIV)।
3. ਭੌਤਿਕ ਵਿਗਿਆਨ ਵਿਭਾਗ ਦੇ ਪੱਤਰ ਨੰਬਰ 575/Phy ਮਿਤੀ 10-04-2015 ਮੁਤਾਬਿਕ ਵਿਭਾਗੀ ACD ਕਮੇਟੀ ਦੀ ਇਕੱਤਰਤਾ ਮਿਤੀ 01-04-2015 ਵਿੱਚ ਲਏ ਫੈਸਲੇ ਅਨੁਸਾਰ ਸੈਸ਼ਨ 2015-16 ਤੋਂ ਐਮ.ਫਿਲ. ਪ੍ਰੋਗਰਾਮ ਸਸਪੈਂਡ ਕਰਨ ਸੰਬੰਧੀ ਫੈਸਲਾ ਲਿਆ ਗਿਆ ਹੈ (ਅੰਤਿਕਾ-XV)।
4. ਸੰਸਕ੍ਰਿਤ ਅਤੇ ਪਾਲੀ ਵਿਭਾਗ ਦੇ ਪੱਤਰ ਨੰਬਰ 7332 ਮਿਤੀ 16-04-2015 ਅਨੁਸਾਰ ਐਮ.ਏ. ਸੰਸਕ੍ਰਿਤ (2 ਸਾਲਾਂ) ਕੋਰਸ ਦੀ ਪਾਤਰਤਾ ਵਿਚ ਮਾਮੂਲੀ ਸੋਧ ਕੀਤੀ ਗਈ (ਅੰਤਿਕਾ-XVI)।

ਇਹ ਸਿਫਾਰਿਸ਼ਾਂ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਸਬੰਧਤ ਬਾਡੀਜ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰ ਲਈਆਂ ਗਈਆਂ ਹਨ।

<u>ਮੱਦ ਨੰ: 8</u> ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਕੰਪਿਊਟਰ ਸਾਇੰਸ ਵਿਭਾਗ ਵਿੱਚ ਚਲ ਰਹੇ M.Tech (CSE) ਰੈਗੂਲਰ ਅਤੇ ਪਾਰਟ ਟਾਈਮ ਕੋਰਸਾਂ ਦੇ ਦਾਖਲਿਆਂ ਲਈ ਕੰਪਿਊਟਰ ਇੰਜੀਨੀਅਰਿੰਗ ਵਿਭਾਗ ਵਿਖੇ ਚਲ ਰਹੇ M.Tech (Computer Engineering) ਵਾਲੀ ਪਾਤਰਤਾ ਅਕਾਦਮਿਕ ਸੈਸ਼ਨ 2015-16 ਤੋਂ ਰੱਖਣ ਸਬੰਧੀ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25 ਜੂਨ 2015 ਪੈਰ੍ਹਾ ਨੰ. 12.43 ਰਾਹੀਂ ਦਿੱਤੀ ਗਈ ਪ੍ਰਵਾਨਗੀ ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ (ਅੰਤਿਕਾ-XVII):

ਨੋਟ :

ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਵੱਲੋਂ ਆਪਣੇ ਪੱਤਰ ਨੰਬਰ 1083(A)/CS ਮਿਤੀ 18-05-2015 ਰਾਹੀਂ ਲਿਖਿਆ ਗਿਆ ਹੈ ਕਿ ਮਿਤੀ 14-05-2015 ਨੂੰ ਬੋਰਡ ਆਫ਼ ਪੋਸਟ ਗ੍ਰੈਜੂਏਟ ਸਟੱਡੀਜ਼ ਇੰਨ ਕੰਪਿਊਟਰ ਸਾਇੰਸ ਦੀ ਇਕੱਤਰਤਾ ਵਿੱਚ ਕੰਪਿਊਟਰ ਸਾਇੰਸ ਵਿਭਾਗ ਵਿੱਚ ਚਲ ਰਹੇ M.Tech (CSE) ਰੈਗੂਲਰ ਅਤੇ ਪਾਰਟ ਟਾਈਮ ਕੋਰਸਾਂ ਦੇ ਦਾਖਲਿਆਂ ਲਈ ਕੰਪਿਊਟਰ ਇੰਜੀਨੀਅਰਿੰਗ ਵਿਭਾਗ ਵਿਖੇ ਚਲ ਰਹੇ ਐਮ.ਟੈਕ (ਕੰਪਿਊਟਰ ਇੰਜੀਨੀਅਰਿੰਗ) ਵਾਲੀ ਪਾਤਰਤਾ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ।

ਇਹ ਸਿਫਾਰਿਸ਼ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਸਬੰਧਤ ਬਾਡੀਜ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰ ਲਈ ਗਈ ਹੈ।

**ਨੋਟ:-**

ਕੰਪਿਊਟਰ ਸਾਇੰਸ ਵਿਭਾਗ ਦੇ ਵਿਦਿਆਰਥੀਆਂ/ਖੋਜਾਰੀਥੀਆਂ ਦੀਆਂ ਪਰੇਸ਼ਾਨੀਆਂ ਦੇ ਸਬੰਧ ਵਿੱਚ ਗਠਿਤ ਕਮੇਟੀ ਦੀ ਮਿਤੀ 22-07-2015 ਨੂੰ ਹੋਈ ਇਕੱਤਰਤਾ ਹੋਈ (ਅੰਤਿਕਾ-X)। ਇਸ ਇਕੱਤਰਤਾ ਵਿੱਚ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਕੰਪਿਊਟਰ ਸਾਇੰਸ ਵਿਭਾਗ ਨੂੰ "Faculty of Physical Sciences" ਵਿਚੋਂ ਤਬਦੀਲ ਕਰਕੇ ਇਕ ਨਵੀਂ "Faculty of Computing Sciences" ਬਣਾ ਕੇ ਉਸ ਵਿਚ ਸ਼ਾਮਲ ਕਰਨ ਸਬੰਧੀ ਸਿਫਾਰਸ਼ ਕੀਤੀ। ਇਹ ਸਿਫਾਰਸ਼ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਦੀਆਂ ਸਬੰਧਤ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰ ਲਈ ਗਈ ਹੈ।

ਇਸ ਸਬੰਧ ਵਿੱਚ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25 ਨਵੰਬਰ, 2015 ਪੈਰ੍ਹਾ ਨੰ: 3 ਰਾਹੀਂ ਕੰਪਿਊਟਰ ਸਾਇੰਸ ਵਿਭਾਗ ਨੂੰ "Faculty of Physical Sciences" ਵਿਚੋਂ ਤਬਦੀਲ ਕਰਕੇ ਇਕ ਨਵੀਂ "Faculty of Computing Sciences" ਬਣਾ ਕੇ ਉਸ ਵਿਚ ਸ਼ਾਮਲ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ।

**ਮੱਦ ਨੰ: 6** ਪੰਜਾਬੀ ਯੂਨੀਵਰਸਿਟੀ, ਨੇਬਰਹੁੱਡ ਕੈਂਪਸ, ਦੇਹਲਾ ਸ਼ੀਹਾਂ ਵਿਖੇ ਅਕਾਦਮਿਕ ਸੈਸ਼ਨ 2015-16 ਤੋਂ ਐਮ.ਸੀ.ਏ ਕੋਰਸ ਬੰਦ ਕਰਨ ਸਬੰਧੀ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25 ਜੂਨ 2015 ਪੈਰ੍ਹਾ ਨੰ. 12.42 ਰਾਹੀਂ ਦਿੱਤੀ ਗਈ ਪ੍ਰਵਾਨਗੀ ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ (ਅੰਤਿਕਾ-XI):

**ਨੋਟ :**

ਡਾਇਰੈਕਟਰ, ਨੇਬਰਹੁੱਡ ਕੈਂਪਸਿਜ਼ ਵੱਲੋਂ ਆਪਣੇ ਨੋਟ ਮਿਤੀ 27-04-2015 ਵਿੱਚ ਸਿਫਾਰਿਸ਼ ਕੀਤੀ ਗਈ ਕਿ ਮੌਜੂਦਾ ਹਾਲਾਤਾਂ ਨੂੰ ਮੁਖ ਰੱਖਦੇ ਹੋਏ ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਦੇਹਲਾ ਸ਼ੀਹਾਂ ਵਿਖੇ ਚਲ ਰਹੇ ਐਮ.ਸੀ.ਏ ਕੋਰਸ ਨੂੰ ਅਕਾਦਮਿਕ ਸੈਸ਼ਨ 2015-16 ਤੋਂ ਬੰਦ ਕਰ ਦਿੱਤਾ ਜਾਵੇ। ਇਹ ਸਿਫਾਰਿਸ਼ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਸਬੰਧਤ ਬਾਡੀਜ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰ ਲਈ ਗਈ।

ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25 ਜੂਨ 2015 ਪੈਰ੍ਹਾ ਨੰ. 12.42 ਰਾਹੀਂ ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਦੇਹਲਾ ਸ਼ੀਹਾਂ ਵਿਖੇ ਚਲ ਰਹੇ ਐਮ.ਸੀ.ਏ ਕੋਰਸ ਨੂੰ ਅਕਾਦਮਿਕ ਸੈਸ਼ਨ 2015-16 ਤੋਂ ਬੰਦ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

**ਮੱਦ ਨੰ: 7** ਅਕਾਦਮਿਕ ਸੈਸ਼ਨ 2015-16 ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਨਿਮਨ ਦਰਸਾਏ ਗਏ ਵਿਭਾਗਾਂ ਦੇ ਵੱਖ ਵੱਖ ਕੋਰਸਾਂ ਵਿੱਚ ਦਾਖਲਿਆਂ ਸੰਬੰਧੀ ਪਾਤਰਤਾ ਅਤੇ ਕਈ ਮਾਮੂਲੀ ਸੋਧਾਂ ਨੂੰ ਜਨਰਲ ਪੁਸਤਕ ਵਿੱਚ ਦਰਜ ਕਰਨ ਸਬੰਧੀ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25-06-2015 ਪੈਰ੍ਹਾਂ ਨੰਬਰ 12.34 ਰਾਹੀਂ ਦਿੱਤੀ ਗਈ ਪ੍ਰਵਾਨਗੀ ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ (ਅੰਤਿਕਾ-XII):

ਇਸ ਸਬੰਧ ਵਿੱਚ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 25 ਜੂਨ 2015 ਪੈਰ੍ਹਾ ਨੰ: 12.43 ਰਾਹੀਂ ਕੰਪਿਊਟਰ ਸਾਇੰਸ ਵਿਭਾਗ ਵਿੱਚ ਚਲ ਰਹੇ M.Tech (CSE) ਰੈਗੂਲਰ ਅਤੇ ਪਾਰਟ ਟਾਈਮ ਕੋਰਸਾਂ ਦੇ ਦਾਖਲਿਆਂ ਲਈ ਕੰਪਿਊਟਰ ਇੰਜੀਨੀਅਰਿੰਗ ਵਿਭਾਗ ਵਿਖੇ ਚਲ ਰਹੇ ਐਮ.ਟੈਕ (ਕੰਪਿਊਟਰ ਇੰਜੀਨੀਅਰਿੰਗ) ਵਾਲੀ ਪਾਤਰਤਾ ਅਕਾਦਮਿਕ ਸੈਸ਼ਨ 2015-16 ਤੋਂ ਰੱਖਣ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ।

**ਮੱਦ ਨੰ: 9** ਸ਼੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਖੇ ਐਮ.ਫਿਲ ਦੀਆਂ ਸੀਟਾਂ ਵਧਾਉਣ ਸਬੰਧੀ ਮੁਖੀ, ਸ਼੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵੱਲੋਂ ਕੀਤੀ ਗਈ ਬੇਨਤੀ ਦੇ ਆਧਾਰ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਬੋਰਡ ਵੱਲੋਂ ਨੋਟ ਕਰ ਲਿਆ ਗਿਆ (ਅੰਤਿਕਾ-XVIII) :-

**ਨੋਟ**

ਮੁਖੀ, ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵੱਲੋਂ ਆਪਣੇ ਵਿਭਾਗ ਦੇ ਪੱਤਰ ਨੰ: 138/ਰ.ਸ. ਮਿਤੀ 04-08-2015 ਰਾਹੀਂ ਵਿਭਾਗ ਵਿਖੇ ਚਲ ਰਹੇ ਐਮ.ਫਿਲ ਕੋਰਸ ਦੀਆਂ 05 ਸੀਟਾਂ ਵਧਾਉਣ ਸਬੰਧੀ ਬੇਨਤੀ ਕੀਤੀ ਗਈ ਹੈ, ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ। ਇਸ ਦੇ ਫਲਸਰੂਪ ਹੁਣ ਵਿਭਾਗ ਵਿਖੇ ਐਮ.ਫਿਲ ਕੋਰਸ ਦੀਆਂ ਸੀਟਾਂ 10 ਤੋਂ ਵੱਧ ਕੇ 15 ਹੋ ਗਈਆਂ ਹਨ।

**ਮੱਦ ਨੰ: 10** ਸਪੋਰਟਸ ਸਾਇੰਸ ਵਿਭਾਗ ਵਿਖੇ ਐਮ.ਐਸ.ਸੀ.(ਸਪੋਰਟਸ ਸਾਇੰਸ) ਭਾਗ ਪਹਿਲਾ ਦੀਆਂ ਸੀਟਾਂ ਵਧਾਉਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਬੋਰਡ ਵੱਲੋਂ ਨੋਟ ਕਰ ਲਿਆ ਗਿਆ (ਅੰਤਿਕਾ-XIX) :-

**ਨੋਟ**

ਮੁਖੀ, ਸਪੋਰਟਸ ਸਾਇੰਸ ਵਿਭਾਗ ਵੱਲੋਂ ਆਪਣੇ ਪੱਤਰ ਨੰ: 514/SSC ਮਿਤੀ 29-07-2015 (ਅੰਤਿਕਾ-XX) ਰਾਹੀਂ ਲਿਖਿਆ ਗਿਆ ਹੈ ਕਿ ਵਿਭਾਗ ਕੋਲ ਐਮ.ਐਸ.ਸੀ. ਸਪੋਰਟਸ ਸਾਇੰਸ ਦੀਆਂ ਕੁਲ 21 ਸੀਟਾਂ ਹਨ, ਜਿਹੜੀਆਂ ਭਰੀਆਂ ਜਾ ਚੁੱਕੀਆਂ ਹਨ ਪਰੰਤੂ ਦਾਖਲੇ ਲਈ ਵਿਦਿਆਰਥੀਆਂ ਦੀ ਗਿਣਤੀ ਵੱਧ ਜਾਣ ਕਾਰਨ ਉਹ 6 ਸੀਟਾਂ ਹੋਰ ਵਧਾਉਣਾ ਚਾਹੁੰਦੇ ਹਨ। ਇਸ ਨਾਲ ਯੂਨੀਵਰਸਿਟੀ ਨੂੰ ਵਿੱਤੀ ਸਹਾਇਤਾ ਵੀ ਪ੍ਰਾਪਤ ਹੋਵੇਗੀ ਅਤੇ ਵਿਦਿਆਰਥੀ ਵੀ ਆਪਣਾ ਭਵਿੱਖ ਬਣਾਉਣ ਦੇ ਸਮਰੱਥ ਹੋਣਗੇ।

ਇਸ ਸਬੰਧ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਵੱਖ ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਸਪੋਰਟਸ ਸਾਇੰਸ ਵਿਭਾਗ ਵਿਖੇ ਐਮ.ਐਸ.ਸੀ. ਸਪੋਰਟਸ ਸਾਇੰਸ ਵਿੱਚ ਦਾਖਲੇ ਲਈ ਵਿਦਿਆਰਥੀਆਂ ਦੀ ਗਿਣਤੀ ਵੱਧ ਜਾਣ ਕਾਰਨ 6 ਸੀਟਾਂ ਹੋਰ ਵਧਾਉਣ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ (ਅੰਤਿਕਾ-XXI)।

**ਮੱਦ ਨੰ: 11** ਅਰਥ-ਵਿਗਿਆਨ ਵਿਭਾਗ ਵਿਖੇ ਐਮ.ਫਿਲ (ਇਕਨਾਮਿਕਸ) ਦੀਆਂ ਸੀਟਾਂ 15 ਤੋਂ ਵਧਾ ਕੇ 20 ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-XXII) ਨੂੰ ਸੋਧ ਉਪਰੰਤ ਪ੍ਰਵਾਨ ਕਰ ਲਿਆ ਗਿਆ :-

**ਨੋਟ**

ਮੁਖੀ, ਅਰਥ-ਵਿਗਿਆਨ ਵਿਭਾਗ ਵੱਲੋਂ ਆਪਣੇ ਵਿਭਾਗ ਦੇ ਪੱਤਰ ਨੰ: 6160/Eco ਮਿਤੀ 27-08-2015 (ਅੰਤਿਕਾ-XXIII) ਰਾਹੀਂ ਵਿਭਾਗ ਵਿਖੇ ਚਲ ਰਹੇ ਐਫ.ਫਿਲ (ਇਕਨਾਮਿਕਸ) ਕੋਰਸ ਦੀਆਂ 05 ਸੀਟਾਂ ਵਧਾਉਣ ਸਬੰਧੀ ਬੇਨਤੀ ਕੀਤੀ ਗਈ ਹੈ, ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਵੱਖ-ਵੱਖ ਸਬੰਧਤ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰ ਲਿਆ ਗਿਆ ਹੈ। ਇਸ ਦੇ ਫਲਸਰੂਪ ਹੁਣ ਵਿਭਾਗ ਵਿਖੇ ਐਮ.ਫਿਲ (ਇਕਨਾਮਿਕਸ) ਕੋਰਸ ਦੀਆਂ ਸੀਟਾਂ 15 ਤੋਂ ਵੱਧ ਕੇ 20 ਹੋ ਗਈਆਂ ਹਨ।

ਪ੍ਰੋਫ਼ੈਸਰ ਇੰਦਰਜੀਤ ਸਿੰਘ, ਡੀਨ, ਫ਼ੈਕਲਟੀ ਆਫ਼ ਸੋਸ਼ਲ ਸਾਇੰਸਿਜ਼/ਮੁਖੀ, ਇਕਨਾਮਿਕਸ ਵਿਭਾਗ ਵੱਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਸੀਟਾਂ ਦਾ ਵਾਧਾ ਸਿਰਫ਼ ਸਾਲ 2015-16 ਲਈ ਕੀਤਾ ਗਿਆ ਸੀ। ਹੁਣ ਅਕਾਦਮਿਕ ਸੈਸ਼ਨ 2016-17 ਤੋਂ ਐਮ.ਫਿਲ (ਇਕਨਾਮਿਕਸ) ਕੋਰਸ ਦੀਆਂ ਸੀਟਾਂ ਮੁੜ 20 ਤੋਂ ਘਟਾ ਕੇ 15 ਕਰ ਦਿੱਤੀਆਂ ਜਾਣ। ਬੋਰਡ ਵੱਲੋਂ ਐਮ.ਫਿਲ (ਇਕਨਾਮਿਕਸ) ਦੀਆਂ ਸੀਟਾਂ ਅਕਾਦਮਿਕ ਸੈਸ਼ਨ 2016-17 ਤੋਂ 20 ਤੋਂ ਘਟਾ ਕੇ 15 ਕਰਨ ਸੰਬੰਧੀ ਪ੍ਰਵਾਨਗੀ ਦਿੱਤੀ ਗਈ।

**<u>ਮੱਦ ਨੰ: 12</u>** ਕੋਆਰਡੀਨੇਟਰ, ਕੇਂਦਰੀ ਦਾਖਲਾ ਸੈਲ ਵੱਲੋਂ ਪੀ.ਐਚ-ਡੀ. ਦੇ ਕੋਰਸ ਵਰਕ ਦੀ ਫੀਸ ਭਰਨ ਦੀ ਆਖਰੀ ਮਿਤੀ ਨੂੰ ਵਧਾਉਣ ਸਬੰਧੀ ਕੀਤੀ ਗਈ ਬੇਨਤੀ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-XXIV) ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ :-

**ਨੋਟ**

ਕੋਆਰਡੀਨੇਟਰ, ਕੇਂਦਰੀ ਦਾਖਲਾ ਸੈਲ ਵੱਲੋਂ ਆਪਣੇ ਪੱਤਰ ਨੰ: 6484.ਮਿਤੀ 15-09-2015 ਰਾਹੀਂ ਰਾਹੀਂ ਲਿਖਿਆ ਗਿਆ ਹੈ ਕਿ ਪੀ.ਐਚ-ਡੀ. ਕੋਰਸ ਵਰਕ ਦੀ ਫੀਸਾਂ ਭਰਨ ਦੀ ਆਖਰੀ ਮਿਤੀ 15-09-2015 ਸੀ। ਮਿਤੀ 14-09-2015 ਨੂੰ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸਵ ਦੇ ਸੰਦਰਭ ਵਿਚ ਛੁੱਟੀ ਹੋਣ ਕਰਕੇ ਕਈ ਵਿਦਿਆਰਥੀਆਂ ਨੂੰ ਆਖਰੀ ਮਿਤੀ ਨੂੰ ਕੋਰਸ ਵਰਕ ਦੀ ਫੀਸ ਭਰਨ ਵਿਚ ਦਿੱਕਤ ਆਈ ਹੈ, ਜਿਸ ਕਰਕੇ ਕਈ ਉਮੀਦਵਾਰਾਂ ਵੱਲੋਂ ਫੀਸ ਨਹੀਂ ਭਰਵਾਈ ਜਾ ਸਕੀ। ਉਨ੍ਹਾਂ ਵੱਲੋਂ ਪੀ.ਐਚ-ਡੀ. ਦੇ ਕੋਰਸ ਵਰਕ ਦੀ ਫੀਸ ਭਰਨ ਦੀ ਆਖਰੀ ਮਿਤੀ ਵਿੱਚ 17-09-2015 ਨੂੰ ਸ਼ਾਮ 4.00 ਵਜੇ ਤੱਕ ਵਾਧਾ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ ਬੇਨਤੀ ਕੀਤੀ ਗਈ ਹੈ।

ਇਸ ਸਬੰਧ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਵੱਖ ਵੱਖ ਬਾਡੀਜ਼ ਦੀ ਪ੍ਰਵਾਨਗੀ ਦੀ ਆਸ ਵਿੱਚ ਪੀ.ਐਚ-ਡੀ. ਦੇ ਕੋਰਸ ਵਰਕ ਦੀ ਫੀਸ ਭਰਨ ਦੀ ਆਖਰੀ ਮਿਤੀ 17-09-2015 ਨੂੰ ਸ਼ਾਮ 4.00 ਵਜੇ ਤੱਕ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

**<u>ਮੱਦ ਨੰ: 13</u>** ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਅਕਾਦਮਿਕ ਸਾਲ 2015-16 ਤੋਂ ਪੀ.ਐਚ-ਡੀ. ਦੀਆਂ 05 ਸੀਟਾਂ ਵਧਾਉਣ ਸਬੰਧੀ ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਕੀਤੀ ਗਈ ਬੇਨਤੀ ਦੇ ਆਧਾਰ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ-XXV) ਨੂੰ ਬੋਰਡ ਵੱਲੋਂ ਨੋਟ ਕਰ ਲਿਆ ਗਿਆ :-

**ਨੋਟ**

ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਆਪਣੇ ਵਿਭਾਗ ਦੇ ਪੱਤਰ ਨੰ: 3007 ਮਿਤੀ 14-08-2015 ਰਾਹੀਂ ਵਿਭਾਗ ਵਿਖੇ ਚਲ ਰਹੇ ਪੀ.ਐਚ-ਡੀ. ਕੋਰਸ ਦੀਆਂ 05 ਸੀਟਾਂ ਵਧਾਉਣ ਸਬੰਧੀ ਬੇਨਤੀ ਕੀਤੀ ਗਈ ਹੈ, ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਸੰਬੰਧਿਤ ਬਾਡੀਜ਼ ਦੀ ਪ੍ਰਵਾਨਗੀ ਹਿੱਤ ਪ੍ਰਵਾਨ ਕਰ ਲਿਆ ਗਿਆ ਹੈ। ਇਸ ਦੇ ਫਲਸਰੂਪ ਹੁਣ ਵਿਭਾਗ ਵਿਖੇ ਪੀ.ਐਚ-ਡੀ. ਦੀਆਂ ਸੀਟਾਂ 08 ਤੋਂ ਵੱਧ ਕੇ 13 ਹੋ ਗਈਆਂ ਹਨ।

ਇਸ ਸਬੰਧ ਵਿੱਚ ਅਕਾਦਮਿਕ ਕੌਂਸਿਲ ਦੀ ਪ੍ਰਵਾਨਗੀ ਹਿੱਤ ਕੇਸ ਵੱਖਰੇ ਤੌਰ ਤੇ ਭੇਜਿਆ ਹੋਇਆ ਹੈ।

**ਮੱਦ ਨੰ: 14** ਮੀਟਿੰਗ ਦੌਰਾਨ ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਬੋਰਡ ਨੂੰ ਜਾਣਕਾਰੀ ਦਿੱਤੀ ਗਈ ਕਿ Prof. Anil D. Sahasrabudhe, Chairman, All India Council for Technical Education, New Delhi ਵੱਲੋਂ ਪ੍ਰਾਪਤ ਪੱਤਰ ਨੰਬਰ D.O. No.7-2/DD-Admn./MHRD/2012/2768 ਮਿਤੀ 24-02-2016 (ਅੰਤਿਕਾ- XXVI) ਦੀ ਲੋਅ ਵਿਚ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ (ਅੰਤਿਕਾ- XXVII) ਅਨੁਸਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ "Disability Resource Centre" ਸਥਾਪਤ ਕੀਤਾ ਗਿਆ ਹੈ ਅਤੇ ਡਾ. ਨਿਸ਼ਾਨ ਸਿੰਘ ਦਿਓਲ, ਪ੍ਰੋਫ਼ੈਸਰ, ਸਰੀਰਕ ਸਿੱਖਿਆ ਵਿਭਾਗ ਨੂੰ ਇਸ ਸੈਂਟਰ ਦਾ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸ ਸੰਬੰਧ ਵਿਚ ਬੋਰਡ ਵੱਲੋਂ ਇਸ ਸੈਂਟਰ ਨੂੰ ਸਥਾਪਤ ਕਰਨ ਅਤੇ ਡਾ. ਨਿਸ਼ਾਨ ਸਿੰਘ ਦਿਓਲ, ਪ੍ਰੋਫ਼ੈਸਰ, ਸਰੀਰਕ ਸਿੱਖਿਆ ਵਿਭਾਗ ਨੂੰ ਇਸ ਸੈਂਟਰ ਦਾ ਨੋਡਲ ਅਫ਼ਸਰ ਨਿਯੁਕਤ ਕਰਨ ਸੰਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਨੂੰ ਨੋਟ ਕਰ ਲਿਆ ਗਿਆ।

**ਮੱਦ ਨੰ: 15** ਮੀਟਿੰਗ ਦੌਰਾਨ ਡੀਨ, ਅਕਾਦਮਿਕ ਮਾਮਲੇ ਵੱਲੋਂ ਦੱਸਿਆ ਗਿਆ ਕਿ ਯੂਨੀਵਰਸਿਟੀ ਕੈਂਪਸ ਵਿਖੇ ਕਾਮਰਸ ਵਿਭਾਗ, ਸਕੂਲ ਆਫ਼ ਸੋਸ਼ਲ ਸਾਇੰਸਿਜ਼, ਮੈਥੇਮੈਟਿਕਸ ਵਿਭਾਗ ਅਤੇ ਰਿਜ਼ਨਲ ਸੈਂਟਰ, ਮੋਹਾਲੀ ਵਿਖੇ ਕੁਝ ਕੋਰਸਾਂ ਵਿਚ ਸੀਟਾਂ ਵਧਾਈਆਂ ਜਾ ਸਕਦੀਆਂ ਹਨ ਤਾਂ ਜੋ ਇਨ੍ਹਾਂ ਕੋਰਸਾਂ ਵਿਚ ਹੋਰ ਦਾਖ਼ਲੇ ਕੀਤੇ ਜਾ ਸਕਣ। ਇਸ ਸੰਬੰਧ ਵਿਚ ਬੋਰਡ ਵੱਲੋਂ ਰਾਇ ਕਾਇਮ ਕੀਤੀ ਗਈ ਕਿ ਡੀਨ, ਅਕਾਦਮਿਕ ਮਾਮਲੇ ਦੀ ਪ੍ਰਧਾਨਗੀ ਹੇਠ ਇਨ੍ਹਾਂ ਚਾਰ ਵਿਭਾਗਾਂ ਦੇ ਮੁਖੀ ਸਾਹਿਬਾਨ, ਡੀਨ, ਰਿਸਰਚ ਅਤੇ ਡਾਇਰੈਕਟਰ, ਯੋਜਨਾ ਤੇ ਨਿਰੀਖਣ ਦੀ ਇਕ ਕਮੇਟੀ ਬਣਾ ਲਈ ਜਾਵੇ ਤਾਂ ਜੋ ਇਨ੍ਹਾਂ ਵਿਭਾਗਾਂ ਵਿਖੇ ਕੋਰਸਾਂ ਵਿਚ ਸੀਟਾਂ ਵਧਾਉਣ ਸੰਬੰਧੀ ਫ਼ੈਸਲਾ ਲਿਆ ਜਾ ਸਕੇ।

**ਮੱਦ ਨੰ: 16** ਮੀਟਿੰਗ ਦੌਰਾਨ ਪ੍ਰੋਫ਼ੈਸਰ ਓ.ਪੀ. ਜਸੂਜਾ, ਡੀਨ, ਫ਼ੈਕਲਟੀ ਆਫ਼ ਫਿਜ਼ੀਕਲ ਸਾਇੰਸਿਜ਼/ਮੁਖੀ, ਫੋਰੈਂਸਿਕ ਸਾਇੰਸ ਵਿਭਾਗ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਉਨ੍ਹਾਂ ਦੇ ਵਿਭਾਗ ਦੇ ਵੱਖ-ਵੱਖ ਕੋਰਸਾਂ ਵਿਚ ਅਕਾਦਮਿਕ ਸਾਲ 2016-17 ਦੌਰਾਨ ਦਾਖ਼ਲਿਆਂ ਸੂਚਨਾ ਪੁਸਤਕ ਵਿਚ ਦਾਖ਼ਲਾ ਪਾਤਰਤਾ ਅਤੇ ਫ਼ੈਕਲਟੀ ਸੰਬੰਧੀ (ਅਤਿੰਕਾ-XXVIII) ਸੋਧ ਕੀਤੀ ਜਾਣੀ ਹੈ। ਇਸ ਸੰਬੰਧ ਵਿਚ ਬੋਰਡ ਵੱਲੋਂ ਇਹ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ਡਾਇਰੈਕਟਰ,
ਯੋਜਨਾ ਤੇ ਨਿਰੀਖਣ

**ਵਾਈਸ-ਚਾਂਸਲਰ ਸਾਹਿਬ**

27-4-16